**ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ**
**ਸਕੂਲ ਸਿੱਖਿਆ ਵਿਭਾਗ ਪੰਜਾਬ,**
**ਐਸ.ਸੀ.ਓ 104-106 ਸੈਕਟਰ 34-ਏ ਚੰਡੀਗੜ੍ਹ**

# ਜਨਤਕ ਸੂਚਨਾ

ਇਸ ਦਫਤਰ ਵੱਲੋਂ ਮਿਤੀ 15.10..10 ਨੂੰ ਟ੍ਰਿਬਿਊਨ, ਅਜੀਤ ਅਤੇ ਦੈਨਿਕ ਜਾਗਰਣ ਅਖਬਾਰਾਂ ਵਿੱਚ ਦਿੱਤੇ ਗਏ ਇਸ਼ਤਿਹਾਰਾਂ ਦੇ ਹਵਾਲੇ ਨਾਲ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਸਰਵ ਸਿੱਖਿਆ ਅਭਿਆਨ ਅਧੀਨ ਅਕਾਊਂਟੈਂਟ ਅਤੇ ਐਮ.ਆਈ.ਐਸ (ਕੋਆਰਡੀਨੇਟਰ) ਦੀਆਂ ਅਸਾਮੀਆਂ ਜਿਨ੍ਹਾਂ ਦਾ ਟੈਸਟ ਮਿਤੀ 21/11/10 ਨੂੰ ਹੋਇਆ ਸੀ, ਦੀ ਕਾਊਂਸਲਿੰਗ ਨਿਮਨਲਿਖਤ ਵੇਰਵੇ ਅਨੁਸਰ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ਼ 3ਬੀ-1 ਮੋਹਾਲੀ ਵਿਖੇ ਸਵੇਰੇ 9:00 ਵਜੇ ਨਿਮਨਲਿਖਤ ਸ਼ਡੀਊਲ ਅਨੁਸਾਰ ਹੋਵੇਗੀ :-

| | |
|---|---|
| 1.ਐਮ.ਆਈ.ਐਸ ਕੋਆਰਡੀਨੇਟਰ | 9.12.2010 |
| 2. ਅਕਾਊਂਟੈਂਟ | 10.12.2010 |

ਇਸ ਉਹ ਸਾਰੇ ਉਮੀਦਵਾਰ, ਜਿਨ੍ਹਾਂ ਦਾ ਨਾਮ ਵਿਭਾਗ ਦੀ ਵੈਬਸਾਇਟ www.ssapunjab.org. ਪਾਈ ਗਈ ਮੈਰਿਟ ਲਿਸਟ ਵਿੱਚ ਆਉਂਦਾ ਹੈ, ਉਹ ਕਾਊਂਸਲਿੰਗ ਵਿੱਚ ਸ਼ਾਮਲ ਹੋਣ ਦੀ ਖੇਚਲ ਕਰਨ। ਜਿਹੜੇ ਉਮੀਦਵਾਰ ਕਾਉਂਲਿੰਗ ਵਿਚੋਂ ਗੈਰ-ਹਾਜ਼ਰ ਰਹਿਣਗੇ ਉਨ੍ਹਾਂ ਦਾ ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਕਿ ਉਹ ਇਸ ਆਸ਼ੇ ਦਾ ਹਲਫੀਆ ਬਿਆਨ ਤਿਆਰ ਕਰਕੇ ਲੈਕੇ ਆਉਣ ਕਿ ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਵਿੱਦਿਅਕ ਸਰਟੀਫਿਕੇਟਾਂ ਅਤੇ ਹੋਰ ਦਸਤਾਵੇਜ਼ਾਂ ਵਿੱਚ ਕੋਈ ਜਾਅਲ-ਸਾਜ਼ੀ ਨਹੀਂ ਹੈ ਅਤੇ ਜੇਕਰ ਕੋਈ ਜਾਅਲ-ਸਾਜ਼ੀ ਬਾਅਦ ਵਿੱਚ ਪਾਈ ਗਈ ਤਾਂ ਉਹ ਉਸਦੇ ਲਈ ਕਾਨੂੰਨੀ ਕਾਰਵਾਈ ਲਈ ਤਿਆਰ ਹਨ ਅਤੇ ਸਾਰੇ ਦਸਤਾਵੇਜ਼ਾਂ ਦੀਆਂ ਅਸਲ ਅਤੇ ਤਸਦੀਕ-ਸ਼ੁਦਾ ਕਾਪੀਆਂ ਵੀ ਲੈਕੇ ਆਉਣ ਤਾਂਜੋ ਇਨ੍ਹਾਂ ਨੂੰ ਸੰਬੰਧਤ ਬੋਰਡ/ਯੂਨੀਵਰਸਿਟੀ ਨੂੰ ਵੈਰੀਫਿਕੇਸ਼ਨ ਲਈ ਭੇਜਿਆ ਜਾ ਸਕੇ ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**